# 2025

# ਵੀਰਤਾ ਅਤੇ ਸ਼ਰਧਾ ਦੀਆਂ ਮੂਰਤੀਆਂ

## *Portraits of Courage and Faith*



A painting depicting Guru Nanak ploughing his fields in Kartarpur (Courtesy: Sharan Arts)

*Under the guidance of **Dr. Manmohan Singh**, our President for 25 years,
Sadan has reached new heights. This year's calendar is dedicated to his fond memory.*

ਇਸ ਵਾਰ ਦੀ ਥੀਮ ਅਜਿਹੀਆਂ ਬਾਰਾਂ ਵਿਲੱਖਣ ਸਿੱਖ ਸ਼ਖ਼ਸੀਅਤਾਂ ਨੂੰ ਦਰਸਾਉਂਦੀ ਹੈ ਜਿਨ੍ਹਾਂ ਦਾ ਸਾਹਸ, ਦ੍ਰਿੜ੍ਹਤਾ, ਰਹਿਨੁਮਾਈ ਅਤੇ ਧਰਮ ਪ੍ਰਤੀ ਸਮਰਪਣ ਲੋਕਾਈ ਲਈ ਪ੍ਰੇਰਨਾ ਦਾ ਸਰੋਤ ਹਨ। ਕ੍ਰਮਬੱਧ ਢੰਗ ਨਾਲ ਤਿਆਰ ਕੀਤਾ ਇਹ ਕਲੰਡਰ ਵੱਖ-ਵੱਖ ਖੇਤਰਾਂ ਵਿਚ ਅਮੁੱਲ ਯੋਗਦਾਨ ਪਾਉਣ ਵਾਲੇ ਅਨੂਠੇ ਸਿੱਖਾਂ ਦੇ ਜੀਵਨ ਅਤੇ ਵਿਰਾਸਤ ਦਾ ਜਸ਼ਨ ਮਨਾਉਂਦਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਇਹ ਅਦੁੱਤੀ ਵਿਰਾਸਤ ਸਾਡੀ ਨੌਜਵਾਨ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਇਨ੍ਹਾਂ ਰੂਹਾਂ ਦੀ ਮਿਸਾਲੀ ਬਹਾਦਰੀ ਅਤੇ ਸੇਵਾ ਦੀ ਭਾਵਨਾ ਦਾ ਨਿਰੂਪਣ ਕਰਨ ਲਈ ਉਨ੍ਹਾਂ ਨੂੰ ਪ੍ਰੇਰਿਤ ਕਰੇਗੀ।

This year's theme delves into the stories of twelve extraordinary Sikh personalities whose courage, resilience, leadership and dedication to faith serve as a beacon of inspiration. Prepeard in a chronological order, this calendar celebrates the lives and legacies of remarkable Sikhs who excelled in diverse fields. We hope the glorious heritage will inspire our youth and motivate them to embody the same spirit of valour and service that these icons exemplified.

Bhai Vir Singh Sahitya Sadan, Bhai Vir Singh Marg,
Gole Market, New Delhi-110001. www.bvsss.org



**ਮਾਈ ਭਾਗੋ** (1666–1720): ਸਿੱਖ ਧਰਮ ਦੀ ਇੱਕ ਸਿਦਕਵਾਨ ਸ਼ਰਧਾਲੂ ਮਾਈ ਭਾਗੋ ਨੇ ਸਿੱਖ ਇਤਿਹਾਸ ਵਿਚ ਵਿਲੱਖਣ ਸਥਾਨ ਪ੍ਰਾਪਤ ਕੀਤਾ ਹੈ। ਖਿਦਰਾਣੇ ਦੀ ਲੜਾਈ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇਣ ਵਾਲੇ ਚਾਲੀ ਸਿੱਖਾਂ ਨੂੰ ਤਾੜਿਆ ਅਤੇ ਉਨ੍ਹਾਂ ਨੂੰ ਅੰਤ ਤੱਕ ਲੜਨ ਦੀ ਸਿੱਖ ਪਰੰਪਰਾ ਦਾ ਚੇਤਾ ਕਰਵਾਇਆ। ਮਾਈ ਭਾਗੋ ਦੀ ਪ੍ਰੇਰਨਾ ਸਦਕਾ ਚਾਲੀ ਸਿੱਖਾਂ ਨੇ ਆਪਣੀਆਂ ਜਾਨਾਂ ਦੀ ਕੀਮਤ ’ਤੇ ਜਿੱਤ ਹਾਸਲ ਕਰਕੇ ਗੁਰੂ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਨੂੰ ਰੋਜ਼ਾਨਾ ਸਿੱਖ ਅਰਦਾਸ ਵਿਚ ‘ਚਾਲੀ ਮੁਕਤੇ’ ਵਜੋਂ ਯਾਦ ਕੀਤਾ ਜਾਂਦਾ ਹੈ। ਲੜਾਈ ਦੌਰਾਨ ਜ਼ਖਮੀ ਹੋਏ ਮਾਈ ਜੀ ਨੂੰ ਗੁਰੂ ਜੀ ਨੇ ਆਪਣੀ ਸ਼ਰਨ ਵਿਚ ਲਿਆ। ਅੱਗੇ ਚਲੇ ਕੇ ਮਾਈ ਭਾਗੋ ਤਾਉਮਰ ਗੁਰੂ ਜੀ ਦੀ ਅੰਗ-ਰੱਖਿਅਕ ਬਣ ਗਈ।

**Mai Bhago** (1666-1720): A devout Sikh, Mai Bhago has earned a unique place in Sikh history. She reprimanded forty Sikhs, who had deserted Guru Gobind Singh during the battle of Khidrana. She reminded them of the Sikh tradition of fighting till the end. Inspired by Mai Bhago’s persuasion, the forty Sikhs achieved victory at the cost of their lives and received Guru’s blessings. They are remembered in the daily Sikh prayer as ‘*chali mukte*’ (forty liberated ones). The Mai, who was injured during the battle, was taken care of by the Guru and became his lifelong bodyguard.

January 2025

| Sun | Mon | Tue | Wed | Thu | Fri | Sat |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

**6 January** Guru Gobind Singh Ji’s Birthday • **26 January** Republic Day



**ਸਰਦਾਰ ਜੱਸਾ ਸਿੰਘ ਆਹਲੂਵਾਲਿਆ** (1718–1783) : ਆਹਲੂਵਾਲਿਆ ਮਿਸਲ ਦੇ ਸੰਸਥਾਪਕ ਜੱਸਾ ਸਿੰਘ ਆਹਲੂਵਾਲੀਆ ਪ੍ਰਮੁੱਖ ਜਰਨੈਲਾਂ ਵਿਚੋਂ ਇੱਕ ਸਨ ਜਿੰਨਾ ਨੇ ਸਿੱਖ ਫੌਜਾਂ ਦੀ ਅਨੇਕ ਜਿੱਤਾਂ ਵਿਚ ਅਗਵਾਈ ਕੀਤੀ। ਉਨ੍ਹਾਂ ਦੀ ਅਗਵਾਈ ਹੇਠ ਸਿੱਖਾਂ ਨੇ 1761 ਵਿਚ ਅਹਿਮਦ ਸ਼ਾਹ ਅਬਦਾਲੀ ਦੀ ਵਾਪਸ ਜਾ ਰਹੀ ਫ਼ੌਜ 'ਤੇ ਅਚਾਨਕ ਹਮਲਾ ਕਰਕੇ 2200 ਬੰਦੀ ਔਰਤਾਂ ਨੂੰ ਮੁਕਤ ਕਰਵਾਇਆ। ਸਿੱਖ ਸਰਦਾਰਾਂ ਦੀਆਂ ਸਾਂਝੀਆਂ ਫ਼ੌਜਾਂ ਨੇ ਲਾਹੌਰ ਸ਼ਹਿਰ ਨੂੰ ਘੇਰ ਕੇ ਜੱਸਾ ਸਿੰਘ ਨੂੰ "ਸੁਲਤਾਨ-ਉਲ-ਕੌਮ" ਐਲਾਨਿਆ ਗਿਆ। ਉਸ ਵੇਲੇ ਇਤਿਹਾਸ ਰਚਿਆ ਗਿਆ ਜਦੋਂ ਜੱਸਾ ਸਿੰਘ ਰਾਮਗੜ੍ਹੀਆ, ਸ. ਬਘੇਲ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਿੱਖ ਫ਼ੌਜਾਂ ਨੇ ਦਿੱਲੀ ਫ਼ਤਿਹ ਕਰ ਲਿੱਤੀ। ਸਿੱਖ ਫ਼ੌਜਾ ਨੇ ਜੱਸਾ ਸਿੰਘ ਆਹਲੂਵਾਲਿਆ ਨੂੰ ਲਾਲ ਕਿਲ੍ਹੇ ਦੇ ਦਿਵਾਨ-ਏ-ਖ਼ਾਸ ਦੇ ਤਖ਼ਤ 'ਤੇ ਬਿਠਾ ਕੇ 'ਬਾਦਸ਼ਾਹ' ਘੋਸ਼ਤ ਕਰ ਦਿੱਤਾ।

**Sardar Jassa Singh Ahluwalia** (1718-1783) : Founder of the Ahluwalia Misl, Jassa Singh was one of the most prominent generals who led the Sikh forces to victory after victory. Under his leadership, the Sikhs made a surprise attack on the retreating army of Ahmad Shah Abdali in 1761, rescuing 2200 women captors. Combined forces of the Sikh chiefs besieged the city of Lahore and Jassa Singh was proclaimed *Sultan-ul-quam*. History was created when Sikh forces under Jassa Singh Ramgarhia, S. Baghel Singh and Jassa Singh Ahluwalia, captured Red Fort and proclaimed the latter as 'Badshah'.

Hari Ram Gupta, *History of the Sikhs*, Vol. IV

February 2025

| Sun | Mon | Tue | Wed | Thu | Fri | Sat |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | |

**26 February** Maha Shivaratri



Photo of a Painting by Lance Dane depicting Kanwar Sher Singh, Maharaja Ranjit Singh, General Hari Singh Nalwa, Akali Phula Singh and Bhai Sahib Sant Singh in Darbar Khas.

**ਅਕਾਲੀ ਬਾਬਾ ਫੂਲਾ ਸਿੰਘ** (1761–1823): ਸਿੱਖ ਕਦਰਾਂ–ਕੀਮਤਾਂ ਨੂੰ ਪਰਣਾਏ ਅਕਾਲੀ ਫੂਲਾ ਸਿੰਘ ਇੱਕ ਬਹੁਪੱਖੀ ਸ਼ਖ਼ਸੀਅਤ ਦੇ ਧਾਰਨੀ ਸਨ। ਇੱਕ ਸ਼ਰਧਾਲੂ ਸਿੱਖ, ਨਿਧੜਕ ਯੋਧੇ, ਅਕਾਲੀ ਫੂਲਾ ਸਿੰਘ ਨਿਹੰਗਾਂ ਦੇ ਵਿਸ਼ੇਸ਼ ਕਾਰਜ ਦਲ ਦੇ ਆਗੂ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਉਨ੍ਹਾਂ ਨੇ ਸਾਰੇ ਸਿੱਖ ਤਖਤਾਂ ’ਤੇ ਗੁਰਮਤਿ ਮਰਿਆਦਾ ਲਾਗੂ ਕਰਨ ’ਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਸਰਹੱਦੀ ਇਲਾਕਿਆਂ ਦੇ ਬਾਗ਼ੀ ਕਬੀਲਿਆਂ ਖਿਲਾਫ਼ ਕਈ ਮੁਹਿੰਮਾਂ ਦੀ ਅਗਵਾਈ ਕੀਤੀ। ਨੌਸ਼ਹਿਰੇ ਦੀ ਜੰਗ ’ਚ ਅਕਾਲੀ ਜੀ ਇੱਕ ਨਾਇੱਕ ਦੀ ਭੂਮਿਕਾ ’ਚ ਵੀਰਗਤੀ ਨੂੰ ਪ੍ਰਾਪਤ ਹੋਏ ਅਤੇ ਪੂਰੇ ਫੌਜੀ ਸਨਮਾਨਾਂ ਸਹਿਤ ਆਪ ਨੂੰ ਅੰਤਮ ਵਿਦਾਇਗੀ ਦਿੱਤੀ ਗਈ।

**Akali Baba Phula Singh** (1761-1823): An awe-inspiring custodian of Sikh moral codes, Akali Phula Singh was a multi-faceted personality. A devout Sikh, valiant fighter Phula Singh was leader of the special task force of *Nihangs*. As a Jathedar of Akal Takhat, he was greatly responsible for introducing *Gurmat Maryada* in the management of all seats of Sikh temporal authority. He led several expeditions against various recalcitrant tribes on the northern frontier of the Sikh state. During the battle of Naushera, he met a hero’s end and was cremated with full military honours.

March 2025

| Sun | Mon | Tue | Wed | Thu | Fri | Sat |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

**14 March** Holi • **31 March** Id-ul-Fitr



Painting by Jaspal Singh

**ਰਾਣੀ ਸਾਹਿਬ ਕੌਰ** (1771-1801): ਰਾਣੀ ਸਾਹਿਬ ਕੌਰ ਪਟਿਆਲਾ ਰਿਆਸਤ ’ਤੇ ਹਮਲਾ ਕਰਨ ਵਾਲੇ ਮਰਾਠਿਆਂ ਵਿਰੁੱਧ ਮੁਹਿੰਮ ਦੀ ਜ਼ਿੰਮੇਵਾਰੀ ਲੈ ਕੇ ਸ਼ਾਹੀ ਪਰਿਵਾਰ ਦੀ ਇੱਜ਼ਤ ਬਚਾਉਣ ਵਾਲੀ ਇੱਕ ਦਲੇਰ ਰਾਣੀ ਸਨ। ਮਹਾਰਾਜਾ ਸਾਹਿਬ ਸਿੰਘ ਨੇ ਆਪਣੀ ਭੈਣ ਨੂੰ ਪਟਿਆਲਾ ਰਿਆਸਤ ਦੀ ਮੁਖੀ ਵਜੋਂ ਥਾਪਿਆ ਸੀ। ਉਨ੍ਹਾਂ ਨੇ 1794 ਵਿਚ ਮਰਾਠਾ ਜਰਨੈਲਾਂ, ਅੰਤਾ ਰਾਓ ਅਤੇ ਲਛਮਣ ਰਾਓ, ਦੇ ਵਿਰੁੱਧ ਫ਼ੌਜ ਦੀ ਅਗਵਾਈ ਕੀਤੀ। ਰਣਭੂਮੀ ’ਚ ਨਿਡਰਤਾ ਨਾਲ ਆਪਣੇ ਰੱਥ ਤੋਂ ਹੇਠਾਂ ਉਤਰ, ਆਪਣੀ ਤਲਵਾਰ ਖਿੱਚ ਰਾਣੀ ਨੇ ਸਿਪਾਹੀਆਂ ਵਿਚ ਇੱਕ ਨਵਾਂ ਜੋਸ਼ ਭਰਿਆ ਤੇ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਨੇ ਆਇਰਿਸ਼ ਧਾੜਵੀ, ਜਾਰਜ ਥਾਮਸ ਨੂੰ ਵੀ ਫਤਿਹਗੜ੍ਹ ਤੋਂ ਪਿੱਛੇ ਹਟਣ ਲਈ ਮਜਬੂਰ ਕੀਤਾ ਅਤੇ ਦੁਸ਼ਮਣ ਤੋਂ ਆਪਣੇ ਇਲਾਕਿਆਂ ਨੂੰ ਵਾਪਸ ਲਿਆ।


**Rani Sahib Kaur** (1771-1801) : A daring queen, Rani Sahib Kaur saved the honour of the royal family by taking charge of the campaign against the Marathas who attacked the princely state of Patiala. She was made Chief Minister of Patiala by her brother, Maharaja Sahib Singh. She led the troops against Maratha Generals, Anta Rao and Lachhman Rao, in 1794; fearlessly stepping down from her chariot and drawing her sword she infused a renewed vigour among soldiers leading to victory. She also forced Irish mercenary George Thomas to retreat from Fatehgarh and recovered the lost territories from the enemy.

April 2025

| Sun | Mon | Tue | Wed | Thu | Fri | Sat |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

**10 April** Mahavir Jayanti • **13 April** Vaisakhi • **18 April** Good Friday

Bhai Vir Singh Sahitya Sadan, Bhai Vir Singh Marg,
Gole Market, New Delhi-110001. www.bvsss.org




**ਰਾਣੀ ਜਿੰਦਾਂ** (1817–1863) : ਰਾਣੀ ਜਿੰਦਾਂ ਮਹਾਰਾਜਾ ਰਣਜੀਤ ਸਿੰਘ ਦੀਆਂ ਰਾਣੀਆਂ ਵਿੱਚੋਂ ਸਭ ਤੋਂ ਛੋਟੀ ਅਤੇ ਸਿੱਖ ਰਾਜ ਦੇ ਆਖ਼ਰੀ ਗੱਦੀ ਨਸ਼ੀਨ, ਦਲੀਪ ਸਿੰਘ ਦੀ ਮਾਤਾ ਸਨ। ਉਹ ਖਾਲਸਾ ਰਾਜ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕਰ ਰਹੇ ਸਿੱਖ ਸਰਦਾਰਾਂ ਅਤੇ ਸਿਪਾਹੀਆਂ ਲਈ ਪ੍ਰੇਰਨਾ ਦਾ ਇੱਕੋ-ਇੱਕ ਸਰੋਤ ਸਨ। ਇਹ ਪਤਾ ਲੱਗਣ ’ਤੇ ਕਿ ਪ੍ਰੌਢ ਰਾਜਨੀਤਿਕ ਸੂਝ ਵਾਲੀ ਰਾਣੀ ਜਿੰਦਾਂ ਬਾਗ਼ੀ ਖਾਲਸਾ ਫੌਜਾਂ ਲਈ ਇਕੱਠੇ ਹੋਣ ਦਾ ਜ਼ਰੀਆ ਬਣ ਸਕਦੀ ਹੈ, ਬਰਤਾਨਵੀ ਪ੍ਰਸ਼ਾਸਕਾਂ ਨੇ ਪਹਿਲਾਂ ਝੂਠੇ ਪ੍ਰਚਾਰ ਦੁਆਰਾ ਬਹਾਦਰ ਰਾਣੀ ਨੂੰ ਬਦਨਾਮ ਕੀਤਾ। ਇਸ ਸਾਜਸ਼ ਵਿਚ ਅਸਫਲ ਹੋਣ ਪਿੱਛੋਂ ਉਨ੍ਹਾਂ ਨੇ ਰਾਣੀ ਨੂੰ ਬੰਦੀ ਬਣਾ ਕੇ ਨੇਪਾਲ ਭੇਜ ਦਿੱਤਾ। ਰਾਣੀ ਨੇ ਆਪਣੇ ਨੌਜਵਾਨ ਪੁੱਤਰ, ਜਿਸ ਨੂੰ ਜਬਰੀ ਇਸਾਈ ਬਣਾਇਆ ਗਿਆ ਸੀ, ਨੂੰ ਆਪਣੇ ਮੂਲ ਵਲ ਪਰਤਣ ਅਤੇ ਬਗਾਵਤ ਦਾ ਝੰਡਾ ਚੁੱਕਣ ਲਈ ਪ੍ਰੇਰਿਤ ਕਰਨ ਦਾ ਨਾਕਾਮ ਯਤਨ ਕੀਤਾ।

**Rani Jindan** (1817-1863): Youngest of Maharaja Ranjit Singh’s queens and mother of Duleep Singh, last sovereign of Punjab, Rani Jindan was the only source of inspiration for the Sikh chiefs and soldiers trying to restore the Khalsa Raj. Finding that her strong political acumen could be a rallying point for the rebellious Khalsa army, the British administrators first maligned the brave queen through false propaganda, failing which, they took her captive and banished her to Nepal. In vain, the queen inspired her young son, who was forcibly converted to Christianity, to come back to his roots and raise a banner of revolt.

May 2025

| Sun | Mon | Tue | Wed | Thu | Fri | Sat |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

**12 May** Budha Purnima




**ਭਾਈ ਰਾਮ ਸਿੰਘ** (1858-1916) : ਭਾਈ ਰਾਮ ਸਿੰਘ ਇੱਕ ਨਾਮਵਰ ਇਮਾਰਤਸਾਜ਼ ਅਤੇ ਨਮੂਨਾਕਾਰ ਸਨ ਜਿਨ੍ਹਾਂ ਦੇ ਕੰਮ ਨੇ ਬਰਤਾਨਵੀ ਅਤੇ ਭਾਰਤੀ ਭਵਨ ਨਿਰਮਾਣ ਦੀ ਵਿਰਾਸਤ 'ਤੇ ਇੱਕ ਅਮਿੱਟ ਛਾਪ ਛੱਡੀ ਹੈ। ਕਿਪਲਿੰਗ ਦੀ ਰਾਹਨੁਮਾਈ ਅਤੇ ਪ੍ਰਿੰਸ ਆਫ ਵੇਲਜ਼ ਦੀ ਸਰਪ੍ਰਸਤੀ ਹਿਤ ਉਨ੍ਹਾਂ ਦੀ ਲੰਡਨ ਫੇਰੀ ਅਤੇ ਮਹਾਰਾਣੀ ਵਿਕਟੋਰੀਆ ਦੇ 'ਗਰਮੀਆਂ ਦੇ ਮਹਿਲ' ਦੀ ਰੂਪ-ਰੇਖਾ ਤਿਆਰ ਕਰਨ ਦਾ ਸਬੱਬ ਬਣਿਆ। ਖ਼ਾਲਸਾ ਕਾਲਜ, ਅੰਮ੍ਰਿਤਸਰ, ਐਚਿਨਸਨ ਕਾਲਜ ਅਤੇ ਲਾਹੌਰ ਦੀਆਂ ਹੋਰ ਬਹੁਤ ਸਾਰੀਆਂ ਇਤਿਹਾਸਕ ਸ਼ਾਨਦਾਰ ਇਮਾਰਤਾਂ ਉਨ੍ਹਾਂ ਦੇ ਸਭਿਆਚਾਰਕ ਸਮਿਲਨ ਦੇ ਨਵੀਨ ਪ੍ਰਯੋਗਾਂ ਦਾ ਸਿੱਟਾ ਹਨ। ਆਪਣੇ ਸਮਰਪਣ ਅਤੇ ਪੇਸ਼ਾਵਰ ਮੁਹਾਰਤ ਦੇ ਕਾਰਨ, ਉਹ ਮੇਓ ਸਕੂਲ ਆਫ਼ ਆਰਟਸ, ਲਾਹੌਰ ਦੇ ਪ੍ਰਿੰਸੀਪਲ ਵੀ ਥਾਪੇ ਗਏ।

**Bhai Ram Singh** (1858-1916) : Bhai Ram Singh was an illustrious architect and designer whose work left an indelible mark on the British and Indian architectural heritage. Kipling's mentorship and patronage of Prince of Wales led to his visit to London and designing of Queen Victoria's Summer Palace. His innovative designs that depicted cultural fusion resulted in masterpieces like Khalsa College, Amritsar, Aitchison College and many other historic buildings in Lahore. Because of his dedication and professional excellence, he rose to be the Principal of Mayo School of Arts, Lahore.

June 2025

| Sun | Mon | Tue | Wed | Thu | Fri | Sat |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |



The Akalis have shown to the Indians how a most arrogant, oppressive, cunning and deceitful bureaucracy can be brought to its knees by means of non-violent Satyagraha. By sacri ces at Guru-ka-Bagh, they have destroyed the prestige of the bureaucracy and raised the dignity of India.

-Mohinder Singh, *The Akali Movment*, Macmillan, 1978



**ਬਾਬਾ ਖੜਕ ਸਿੰਘ** (1868–1963) : ‘ਸਿੱਖਾਂ ਦੇ ਬੇਤਾਜ ਬਾਦਸ਼ਾਹ’ ਵਜੋਂ ਜਾਣੇ ਜਾਂਦੇ, ਬਾਬਾ ਖੜਕ ਸਿੰਘ ਗੁਰਦੁਆਰਾ ਸੁਧਾਰ ਲਹਿਰ (1920–25), ਸੈਂਟਰਲ ਸਿੱਖ ਲੀਗ, ਸ਼੍ਰੋਮਣੀ ਅਕਾਲੀ ਦਲ ਅਤੇ ਐਸਜੀਪੀਸੀ ਦੇ ਰੂਹੇ-ਰਵਾਂ ਸਨ। ਬਾਬਾ ਖੜਕ ਸਿੰਘ ਦੀ ਰਹਿਨੁਮਾਈ ਹੇਠ ਗੁਰੂ ਕਾ ਬਾਗ, ਜੈਤੋ ਅਤੇ ਹੋਰ ਥਾਂਵਾਂ ’ਤੇ ਅਕਾਲੀ ਮੋਰਚਿਆਂ ਨੇ ਸੰਘਰਸ਼ ਦੀ ਅਹਿੰਸਕ ਪ੍ਰਕਿਰਤੀ ਦਾ ਪ੍ਰਮਾਣ ਦਿੱਤਾ। ਗੁਰਦੁਆਰਾ ਸੁਧਾਰ ਲਈ ਸਿੱਖ ਸੰਘਰਸ਼ ਅਤੇ ਭਾਰਤ ਦੀ ਆਜ਼ਾਦੀ ਲਈ ਵੱਡੇ ਸੰਘਰਸ਼ ਨੂੰ ਜੋੜਨ ਵਿਚ ਉਨ੍ਹਾਂ ਦੀ ਦੂਰਅੰਦੇਸ਼ੀ ਅਤੇ ਜ਼ਿੰਮੇਦਾਰ ਅਗਵਾਈ ਦਾ ਪ੍ਰਬਲ ਯੋਗ ਰਿਹਾ। ਜਦੋਂ ਬਰਤਾਨਵੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਦੇ ਤੋਸ਼ਾਖਾਨੇ ਦੀਆਂ ਚਾਬੀਆਂ ਵਾਪਸ ਕੀਤੀਆਂ ਤਾਂ ਮਹਾਤਮਾ ਗਾਂਧੀ ਨੇ ਉਨ੍ਹਾਂ ਨੂੰ ਟੈਲੀਗਰਾਮ ਭੇਜੀ– ‘ਭਾਰਤ ਦੀ ਆਜ਼ਾਦੀ ਲਈ ਪਹਿਲੀ ਨਿਰਣਾਇਕ ਲੜਾਈ ਦੀ ਜਿੱਤ। ਮੁਬਾਰਕਾਂ।’

**Baba Kharak Singh** (1868-1963) : Popularly known as ‘uncrowned king of the Sikhs’, Baba Kharak Singh was a moving spirit behind the Gurdwara Reform Movement (1920-25), Central Sikh League, Shiromani Akali Dal and the SGPC. Under Baba Kharak Singh’s guidance, Akali Morchas at Guru-ka-Bagh, Jaito and other fronts clearly demonstrated the efficacy of non-violent nature of the struggle. When the British authorities returned to him keys of the *Toshakhana* of the Golden Temple, Mahatma Gandhi sent him a telegram- ‘First decisive battle for India’s freedom (won). Congratulations’.

July 2025

| Sun | Mon | Tue | Wed | Thu | Fri | Sat |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

**19 July** Sri Guru Harkrishan Sahib Ji’s Birthday




**ਭਾਈ ਵੀਰ ਸਿੰਘ** (1872–1957) : ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਭਾਈ ਵੀਰ ਸਿੰਘ ਦਾ ਜਨਮ ਉਸ ਸਮੇਂ ਹੋਇਆ ਜਦੋਂ ਧਾਰਮਿਕ ਸੁਧਾਰ ਅਤੇ ਜਾਗ੍ਰਿਤੀ ਦੀਆਂ ਲਹਿਰਾਂ ਨੌਜਵਾਨ ਮਨਾਂ ਨੂੰ ਪ੍ਰਭਾਵਿਤ ਕਰ ਰਹੀਆਂ ਸਨ। ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਦੇ ਮੁੱਖ ਪ੍ਰੇਰਨਾ-ਪੁੰਜ ਅਤੇ ਮਾਰਗਦਰਸ਼ਕ ਸਨ। ਉਨ੍ਹਾਂ ਆਪਣੀਆਂ ਲਿਖਤਾਂ ਅਤੇ ਗੁਰਬਾਣੀ ਦੀ ਵਿਆਖਿਆ ਰਾਹੀਂ ਸਿੱਖ ਕੌਮ ਦੀ ਪੁਨਰ-ਸੁਰਜੀਤੀ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਜਿੱਥੇ ਸਾਹਿਤ ਅਕਾਦਮੀ ਨੇ ਉਨ੍ਹਾਂ ਨੂੰ ਪੰਜਾਬੀ ਲੇਖਣੀ ਲਈ ਪਹਿਲਾ ਪੁਰਸਕਾਰ ਦਿੱਤਾ, ਉਥੇ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਭੂਸ਼ਣ ਨਾਲ ਨਿਵਾਜਿਆ। ਉਨ੍ਹਾਂ ਦੀ ਯਾਦ ਅਤੇ ਉਦੇਸ਼ਾਂ ਨੂੰ ਲਗਾਤਾਰਤਾ ਪ੍ਰਦਾਨ ਕਰਨ ਹਿਤ, 1958 ਵਿਚ ਕੌਮੀ ਰਾਜਧਾਨੀ, ਨਵੀਂ ਦਿੱਲੀ ਵਿਚ 'ਭਾਈ ਵੀਰ ਸਿੰਘ ਸਾਹਿਤ ਸਦਨ' ਦੀ ਸਥਾਪਨਾ ਕੀਤੀ ਗਈ।

**Bhai Vir Singh** (1872-1957) : Popularly known as the Father of Modern Punjabi Literature, Bhai Vir Singh was born at the time when movements of religious reform and awakening were swaying the young minds. He was the main inspiration and guiding spirit of the Singh Sabha Movement. He devoted his life to rejuvenate the Sikh community through his writings and annotation of the sacred text. While the Sahitya Akademy conferred on him first award for Punjabi writing, the Government of India honoured him with Padma Bhushan. To perpetuate his memory, Bhai Vir Singh Sahitya Sadan, New Delhi was established in 1958.

August 2025

| Sun | Mon | Tue | Wed | Thu | Fri | Sat |
|---|---|---|---|---|---|---|
| 31 | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

**15 August** Independence Day



Historic building of Gurdwara Stockton, USA

**ਸੰਤ ਤੇਜਾ ਸਿੰਘ** (1877-1965) : ਹਾਰਵਰਡ ਯੂਨੀਵਰਸਿਟੀ ਤੋਂ ਐਮ.ਏ., ਸੰਤ ਤੇਜਾ ਸਿੰਘ, ਪੱਛਮੀ ਸੰਸਾਰ ਵਿਚ ਸਿੱਖ ਧਰਮ ਦਾ ਸੰਦੇਸ਼ ਫੈਲਾਉਣ ਵਾਲੀ ਇੱਕ ਮੋਹਰੀ ਸ਼ਖ਼ਸੀਅਤ ਸਨ। ਵਿਦੇਸ਼ ਵਿਚ ਆਪਣੀ ਪੜ੍ਹਾਈ ਦੇ ਦੌਰਾਨ ਉਨ੍ਹਾਂ ਨੇ ਲੰਡਨ, ਯੂਕੇ (1910), ਸਟਾਕਟਨ, ਯੂਐਸਏ (1912) ਅਤੇ ਵਿਕਟੋਰੀਆ, ਕੈਨੇਡਾ (1912) ਵਿਚ ਗੁਰਦੁਆਰੇ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਕਈ ਵਿੱਦਿਅਕ ਸੰਸਥਾਵਾਂ ਦੀ ਸਥਾਪਨਾ ਕੀਤੀ ਅਤੇ ਹਿਮਾਚਲ ਵਿਖੇ 'ਡੀਵਾਈਨ ਕੇਂਦਰ' ਦਾ ਨਿਰਮਾਣ ਕੀਤਾ ਜੋ ਇਟਰਨਲ ਯੂਨੀਵਰਸਿਟੀ, ਬੜੂ ਸਾਹਿਬ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ ਅਤੇ ਅਕਾਲ ਅਕੈਡਮੀ ਸਕੂਲਾਂ ਦੀ ਲੜੀ ਵਿਚ ਲਗਾਤਾਰ ਕ੍ਰਿਆਵੰਤ ਹੈ। ਅਧਿਆਤਮਿਕਤਾ ਨੂੰ ਆਧੁਨਿਕ ਵਿੱਦਿਆ ਨਾਲ ਜੋੜਨ ਵਾਲੇ ਵਿਦਵਾਨ-ਸੰਤ ਤੇਜਾ ਸਿੰਘ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹਨ।

**Sant Teja Singh** (1877-1965) : With a Master's degree from Harvard University, Sant Teja Singh was a pioneering figure who spread the message of Sikhism in the Western world. In the course of his studies abroad, he was instrumental in opening first Gurdwara in London, UK (1910) Stockton, USA (1912) and Victoria, Canada (1912). He established several educational institutions, including Divine Centre in Himachal which has expanded into Eternal University, Baru Sahib, Akal University, Talwandi Sabo and a chain of Akal Academy schools. Scholar-saint, Teja Singh remains a source of inspiration for the youth.

September 2025

| Sun | Mon | Tue | Wed | Thu | Fri | Sat |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

Bhai Vir Singh Sahitya Sadan, Bhai Vir Singh Marg,
Gole Market, New Delhi-110001. www.bvsss.org



Courtesy : Rashtrapati Bhavan Archives

**ਸਰਦਾਰ ਤਰਲੋਕ ਸਿੰਘ** (1913–2005) : ਬ੍ਰਿਟਿਸ਼ ਇੰਡੀਅਨ ਸਿਵਲ ਸਰਵਿਸਿਜ਼ ਵਿਚ ਕਾਰਜਰਤ ਸਿਰਕੱਢ ਸਿੱਖਾਂ ਵਿਚੋਂ ਇੱਕ, ਸ. ਤਰਲੋਕ ਸਿੰਘ ਨੂੰ ਸਤਾਰਾਂ ਸਾਲ ਯੋਜਨਾ ਕਮਿਸ਼ਨ ਦੇ ਮੈਂਬਰ ਅਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਪਹਿਲੇ ਨਿਜੀ ਸਕੱਤਰ ਹੋਣ ਦਾ ਮਾਣ ਹਾਸਲ ਹੈ। ਤਰਲੋਕ ਸਿੰਘ ਦਾ ਭਾਰਤ ਦੇ ਵਿਕਾਸ ਦੇ ਅਰਕੀਟੈਕ ਵਜੋਂ ਸਫ਼ਰ ਉਨ੍ਹਾਂ ਦੇ ਸਮਰਪਣ, ਦੂਰਦ੍ਰਿਸ਼ਟੀ ਅਤੇ ਮੁਹਾਰਤ ਦੀ ਤਰਜਮਾਨੀ ਕਰਦਾ ਹੈ। ਉਨ੍ਹਾਂ ਨੇ ਪੀ.ਐਨ. ਥਾਪਰ ਤੇ ਐਮ.ਐਸ. ਰੰਧਾਵਾ ਦੇ ਨਾਲ ਮਿਲ ਕੇ ਵੰਡ ਸਮੇਂ ਦੇ ਸ਼ਰਨਾਰਥੀਆਂ ਨੂੰ ਪੁਨਰ ਸਥਾਪਿਤ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ। ਗਰੀਬੀ ਮਿਟਾਉਣ ਅਤੇ ਆਰਥਕ ਯੋਜਨਾਬੰਦੀ ’ਤੇ ਉਨ੍ਹਾਂ ਦਾ ਡੂੰਘਾ ਪ੍ਰਭਾਵ ਅਤੇ ਉਨ੍ਹਾਂ ਦਾ ਵਿਸ਼ਵ-ਪੱਧਰੀ ਅਕਾਦਮਿਕ ਯੋਗਦਾਨ ਸਾਡੇ ਲਈ ਇੱਕ ਪ੍ਰੇਰਨਾ ਸਰੋਤ ਹੈ।

**Sardar Tarlok Singh** (1913-2005) : Tarlok Singh's remarkable journey from one of the few Sikhs in the British Indian Civil Services to being the architect of India's development as Member of the Planning Commission and first Private Secretary to Jawaharlal Nehru, the first Prime Minister of India, embodies dedication, vision, and relentless pursuit of excellence. Along with P.N. Thapar and M.S. Randhawa, he was instumental in resettelment of partition refugees. His profound impact on poverty alleviation and economic planning, coupled with his global academic contributions, remains a source of inspiration.

## October 2025

| Sun | Mon | Tue | Wed | Thu | Fri | Sat |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

**2 October** Mahatma Gandhi's Birthday • **20 October** Diwali • **23 October** Gurta Gaddi Diwas Sri Guru Granth Sahib





**ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ** (1916–2005): ਬਹਾਦੁਰੀ ਅਤੇ ਰਣਨੀਤਕ ਪ੍ਰਤਿਭਾ ਦੀ ਇੱਕ ਵਿਲੱਖਣ ਮਿਸਾਲ, ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਨੇ 1971 ਦੀ ਭਾਰਤ-ਪਾਕਿ ਜੰਗ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਜਿਸ ਸਦਕਾ ਬੰਗਲਾਦੇਸ਼ ਹੋਂਦ ਵਿਚ ਆਇਆ। ਜਨਰਲ ਏ. ਏ. ਕੇ. ਨਿਆਜ਼ੀ ਦੀ ਅਗਵਾਈ ’ਚ 90,000 ਪਾਕਿਸਤਾਨੀ ਫੌਜਾਂ ਦਾ ਜਨਰਲ ਅਰੋੜਾ ਅੱਗੇ ਆਤਮ-ਸਮਰਪਣ ਭਾਰਤ ਦੇ ਇਤਿਹਾਸ ਦਾ ਇੱਕ ਗੌਰਵਮਈ ਪਲ ਸੀ। ਪਰਮ ਵਿਸ਼ਿਸ਼ਟ ਸੇਵਾ ਮੈਡਲ ਅਤੇ ਪਦਮ ਭੂਸ਼ਣ ਨਾਲ ਸਨਮਾਨਿਤ ਜਨਰਲ ਅਰੋੜਾ ਦੀ ਵਿਰਾਸਤ ਜੰਗ ਦੇ ਮੈਦਾਨ ਤੋਂ ਲੈ ਕੇ ਰਾਜ ਸਭਾ ਤੱਕ ਫੈਲੀ ਹੋਈ ਹੈ। ਦੂਜੇ ਵਿਸ਼ਵ ਯੁੱਧ ’ਚ ਬਰਮਾ ਦੀਆਂ ਖੰਦਕਾਂ ਤੋਂ ਲੈ ਕੇ 1947 ਅਤੇ 1965 ਦੀਆਂ ਜੰਗਾਂ ਤਕ ਉਨ੍ਹਾਂ ਦਾ ਕਰਤੱਵ ਪ੍ਰਤੀ ਅਟੁੱਟ ਸਮਰਪਣ ਹਮੇਸ਼ਾਂ ਹੀ ਪ੍ਰੇਰਨਾ ਸਰੋਤ ਬਣਿਆ ਰਹੇਗਾ।

**Lt. Gen. Jagjit Singh Aurora** (1916-2005): Lt. Gen. Jagjit Singh Aurora, a beacon of valour and strategic brilliance, played a pivotal role in the Indo-Pak war of 1971, leading to creation of Bangladesh. History was created when more than 90,000 Pakistani troops led by General A. A. K. Niazi surrendered before him. Decorated with the Param Vishisht Seva Medal and Padma Bhushan, his legacy of services extended beyond the battlefield to the Rajya Sabha. From the trenches of Burma in World War II to the wars of 1947 and 1965, his unwavering dedication to duty remains a source of inspiration.

## November 2025

| Sun | Mon | Tue | Wed | Thu | Fri | Sat |
|---|---|---|---|---|---|---|
| 30 | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

**5 November** Sri Guru Nanak Dev Ji’s Birthday • **25 November** Guru Teg Bahadur’s Martyrdom Day



Courtesy : Air Cmde. Jasjit Singh

**ਏਅਰ ਫੋਰਸ ਮਾਰਸ਼ਲ ਅਰਜਨ ਸਿੰਘ** (1919–2017) : ਅਰਜਨ ਸਿੰਘ ਭਾਰਤੀ ਹਵਾਈ ਫੌਜ ਦੇ ਪਹਿਲੇ ਤੇ ਇੱਕਲੌਤੇ ਅਧਿਕਾਰੀ ਸਨ ਜਿਨ੍ਹਾਂ ਨੂੰ ਭਾਰਤੀ ਹਵਾਈ ਫੌਜ ਦੇ ਮਾਰਸ਼ਲ ਵਜੋਂ ਪੰਜ-ਸਿਤਾਰਾ ਰੈਂਕ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦੇ ਯੋਗਦਾਨ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ’ਤੇ ਮਾਨਤਾ ਦਿੱਤੀ ਗਈ ਸੀ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਵਿਭੂਸ਼ਣ ਅਤੇ ਬਰਮਾ ਦੇ ਅਰਲ, ਲਾਰਡ ਮਾਊਂਟਬੈਟਨ ਨੇ ਉਨ੍ਹਾਂ ਨੂੰ ‘ਵਿਲੱਖਣ ਫਲਾਇੰਗ ਕਰਾਸ’ ਦੇ ਖ਼ਿਤਾਬ ਨਾਲ ਨਿਵਾਜਿਆ ਸੀ। ਰਾਇਲ ਇੰਡੀਅਨ ਏਅਰ ਫੋਰਸ ਵਿਚ ਪਾਇਲਟ ਵਜੋਂ ਆਪਣੇ ਸ਼ੁਰੂਆਤੀ ਦਿਨਾਂ ਤੋਂ ਲੈ ਕੇ 1965 ਦੀ ਭਾਰਤ-ਪਾਕਿਸਤਾਨ ਜੰਗ ਦੇ ਮਹੱਤਵਪੂਰਨ ਸਾਲ ਦੌਰਾਨ ਆਈਏਐਫ ਦੀ ਕਮਾਂਡ ਕਰਨ ਤੱਕ ਅਰਜਨ ਸਿੰਘ ਦੀ ਵਿਰਾਸਤ ਉਨ੍ਹਾਂ ਦੇ ਸਾਹਸ, ਰਣਨੀਤਕ ਸੂਝ ਅਤੇ ਕਾਰਜ-ਕੁਸ਼ਲਤਾ ਦੀ ਨਿਸ਼ਾਨਦੇਹੀ ਕਰਦੀ ਹੈ।

**Marshal of Air Force Arjan Singh** (1919-2017) : Arjan Singh was the first and the only officer of the Indian Air Force to be decorated with a five-star rank as Marshal of the Indian Air Force. The Government of India honoured him with Padma Vibhushan and the Earl of Burma, Lord Mountbatten conferred upon him the title of ‘Distinguished Flying Cross’. From his early days as a pilot in the Royal Indian Air Force to commanding the IAF during the crucial year of the 1965 Indo-Pak War, Singh’s legacy is marked by his courage, strategic acumen, and relentless pursuit of excellence.

December 2025

| Sun | Mon | Tue | Wed | Thu | Fri | Sat |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

**25 December** Christmas Day • **26 December** Shahidi Jorh Mel




1958 ਵਿਚ ਸਥਾਪਿਤ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਸਾਹਿਤਕ, ਸੱਭਿਆਚਾਰਕ ਅਤੇ ਅਕਾਦਮਿਕ ਗਤੀਵਿਧੀਆਂ ਦਾ ਕੇਂਦਰ ਹੈ। ਸਦਨ ਵਿਚ ਪਵਿੱਤਰ ਗ੍ਰੰਥਾਂ ਦਾ ਅਸਲ ਅਤੇ ਡਿਜੀਟਾਈਜ਼ਡ ਰੂਪ ਵਿਚ ਸਭ ਤੋਂ ਵੱਡਾ ਭੰਡਾਰ ਹੈ ਅਤੇ ਇਸ ਵਿਚ ਭਾਰਤ ਅਤੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਤੋਂ ਇਕੱਤਰ ਕੀਤੀਆਂ ਗੁਰੂ ਸਾਹਿਬਾਨ ਅਤੇ ਸਤਿਕਾਰਯੋਗ ਸਿੱਖ ਸ਼ਖ਼ਸੀਅਤਾਂ ਨਾਲ ਸਬੰਧਤ ਤਸਵੀਰਾਂ ਦਾ ਇੱਕ ਅਮੀਰ ਸੰਗ੍ਰਹਿ ਹੈ। ਸਦਨ ਦੀ ਪਬਲਿਕ ਲਾਇਬ੍ਰੇਰੀ ਦੁਰਲੱਭ ਪੁਸਤਕਾਂ ਅਤੇ ਟ੍ਰੈਕਟਾਂ ਦੇ ਨਾਲ-ਨਾਲ ਸਿੱਖ ਅਤੇ ਪੰਜਾਬ ਸਟੱਡੀਜ਼ ਬਾਰੇ ਨਵੀਆਂ ਰਚਨਾਵਾਂ ਦਾ ਖਜ਼ਾਨਾ ਹੈ।

Established in 1958, Bhai Vir Singh Sahitya Sadan is a hub of literary, cultural and academic activities. Sadan houses biggest repository of sacred texts in original and digitized form and has a rich archive of images of relics associated with the Gurus and revered Sikh personalities collected from different parts of India and abroad. Sadan's public library is a treasure of valuable rare books and tracts as well as recent works on Sikh and Punjab Studies.



ਭਾਈ ਵੀਰ ਸਿੰਘ ਨਿਵਾਸ ਅਸਥਾਨ, ਅੰਮ੍ਰਿਤਸਰ, ਜਿੱਥੇ ਭਾਈ ਸਾਹਿਬ ਨੇ ਜ਼ਿੰਦਗੀ ਦੇ ਸਿਰਜਣਸ਼ੀਲ ਵਰ੍ਹੇ ਗੁਜ਼ਾਰੇ, ਨੂੰ ਸਦਨ ਨੇ ਇੱਕ ਯਾਦਗਾਰ ਵਜੋਂ ਸੰਭਾਲਿਆ ਹੋਇਆ ਹੈ। ਨਿਵਾਸ ਅਸਥਾਨ ਨੂੰ ਮਿਊਜ਼ੀਅਮ-ਕਮ-ਲਾਇਬ੍ਰੇਰੀ ਵਿਚ ਤਬਦੀਲ ਕਰ ਦਿੱਤਾ ਗਿਆ ਹੈ, ਜਿਸ ਵਿਚ ਭਾਈ ਵੀਰ ਸਿੰਘ ਦੇ ਜੀਵਨ ਨੂੰ ਤਸਵੀਰਾਂ, ਚਿੱਤਰਕਾਰੀ, ਨਿੱਜੀ ਨਿਸ਼ਾਨੀਆਂ ਅਤੇ ਉਨ੍ਹਾਂ ਦੀਆਂ ਲਿਖਤਾਂ ਦੇ ਪਹਿਲੇ ਐਡੀਸ਼ਨਾਂ ਰਾਹੀਂ ਪ੍ਰਦਰਸ਼ਿਤ ਕੀਤਾ ਗਿਆ ਹੈ।

Bhai Vir Singh Niwas Asthan at Amritsar, where the poet spent creative years of his life, is preserved by the Sadan as a memorial. The house has been converted into Museum-cum-Library showcasing Bhai Sahib's life through photographs, paintings, personal relics and first-editions of his writings.

YouTube Bhai Vir Singh Sahitya Sadan
facebook bvsss.delhi

BOOK STORE amazon Bhai Vir Singh Sahitya Sadan

Text : Harmangeet Kaur, Design : Sarbjit Singh

Bhai Vir Singh Sahitya Sadan, Bhai Vir Singh Marg,
Gole Market, New Delhi-110001. www.bvsss.org